Dementia UK
Helping families face dementia

# ਡਿਮੈਂਸ਼ੀਆ ਮਾਹਿਰ ਐਡਮਿਰਲ ਨਰਸਾਂ



## ਐਡਮਿਰਲ ਨਰਸ ਕੀ ਹੈ?

ਐਡਮਿਰਲ ਨਰਸਾਂ ਡਿਮੈਂਸ਼ੀਆ ਦੀਆਂ ਉਹ ਮਾਹਿਰ ਨਰਸਾਂ ਹਨ ਜਿਨ੍ਹਾਂ ਨੂੰ ਡਿਮੈਂਸ਼ੀਆ ਯੂਕੇ ਵੱਲੋਂ ਵਿਕਸਿਤ ਕੀਤਾ ਅਤੇ ਸਹਿਯੋਗ ਦਿੱਤਾ ਜਾਂਦਾ ਹੈ। ਉਹ ਸਾਰੇ ਉਮਰ ਸਮੂਹਾਂ ਵਿੱਚ ਹਰ ਕਿਸਮ ਦੇ ਡਿਮੈਂਸ਼ੀਆ ਤੋਂ ਪ੍ਰਭਾਵਿਤ ਪਰਿਵਾਰਾਂ ਦੀ ਸਹਾਇਤਾ ਕਰਦੇ ਹਨ, ਜਿਸ ਵਿੱਚ ਜਵਾਨੀ ਵਿੱਚ ਸ਼ੁਰੂ ਹੋਇਆ ਡਿਮੈਂਸ਼ੀਆ (ਜਿਸ ਵਿਚ ਲੱਛਣ 65 ਸਾਲ ਦੀ ਉਮਰ ਤੋਂ ਪਹਿਲਾਂ ਵਿਕਸਤ ਹੁੰਦੇ ਹਨ) ਵੀ ਸ਼ਾਮਲ ਹਨ।

ਐਡਮਿਰਲ ਨਰਸਾਂ ਪੂਰੇ ਪਰਿਵਾਰ ਦੀ ਸਹਾਇਤਾ ਕਰਨ 'ਤੇ ਧਿਆਨ ਕੇਂਦ੍ਰਤ ਕਰਦੀਆਂ ਹਨ, ਜਿਸ ਵਿੱਚ ਉਹ ਬੱਚੇ ਜਾਂ ਨੌਜਵਾਨ ਸਭੀ ਸ਼ਾਮਲ ਹਨ ਜੋ ਡਿਮੈਂਸ਼ੀਆ ਵਾਲੇ ਵਿਅਕਤੀ ਨਾਲ ਜੁੜੇ ਹੋਏ ਹਨ।

ਸਾਰੀਆਂ ਐਡਮਿਰਲ ਨਰਸਾਂ ਰਜਿਸਟਰਡ ਨਰਸਾਂ ਹਨ, ਅਤੇ ਵੱਖ-ਵੱਖ ਸੈਟਿੰਗਾਂ ਵਿੱਚ ਕੰਮ ਕਰਦੀਆਂ ਹਨ ਜਿਸ ਵਿੱਚ ਸ਼ਾਮਲ ਹਨ:

- ਡਿਮੈਂਸ਼ੀਆ ਯੂਕੇ ਦੀ ਮੁਫਤ ਹੈਲਪਲਾਈਨ (ਕਿਰਪਾ ਕਰਕੇ ਪੰਨਾ 4 ਦੇਖੋ)
- ਫ਼ੋਨ ਜਾਂ ਵੀਡੀਓ ਕਾਲ ਦੁਆਰਾ ਵਰਚੁਅਲ ਕਲੀਨਿਕ ਮੁਲਾਕਾਤਾਂ (ਕਿਰਪਾ ਕਰਕੇ ਪੰਨਾ 4 ਦੇਖੋ)
- ਸਥਾਨਕ ਕਮਿਊਨਿਟੀ
- ਹਸਪਤਾਲ
- ਹੌਸਪਿਸ
- ਦੇਖਭਾਲ ਘਰ

ਐਡਮਿਰਲ ਨਰਸਾਂ ਡਿਮੈਂਸ਼ੀਆ ਯੂਕੇ ਦੇ ਮੁਫਤ ਔਨਲਾਈਨ ਸੈਸ਼ਨਾਂ ਦੀ ਮੇਜ਼ਬਾਨੀ ਕਰਦੀਆਂ ਹਨ, 'ਡਿਮੈਂਸ਼ੀਆ: ਅੱਗੇ ਕੀ?' - ਕਿਰਪਾ ਕਰਕੇ ਪੰਨਾ 4 ਦੇਖੋ। ਉਹ ਸਾਡੀ ਵੈੱਬਸਾਈਟ 'ਤੇ ਡਿਮੈਂਸ਼ੀਆ ਦੀ ਹਰੇਕ ਜਾਣਕਾਰੀ ਨੂੰ ਬਣਾਉਣ ਵਿੱਚ ਵੀ ਮਦਦ ਕਰਦੇ ਹਨ: ਕਿਰਪਾ ਕਰਕੇ ਇਸ 'ਤੇ ਜਾਓ **dementiauk.org/information-and-support**

## ਐਡਮਿਰਲ ਨਰਸ ਕਿਵੇਂ ਮਦਦ ਕਰ ਸਕਦੀ ਹੈ?

ਐਡਮਿਰਲ ਨਰਸਾਂ ਡਿਮੈਂਸ਼ੀਆ ਦੇ ਸਾਰੇ ਪਹਿਲੂਆਂ ਦੇ ਅਨੁਕੂਲ ਭਾਵਨਾਤਮਕ ਅਤੇ ਵਿਹਾਰਕ ਸਹਾਇਤਾ ਪ੍ਰਦਾਨ ਕਰਦੀਆਂ ਹਨ। ਉਹ ਇਹ ਯਕੀਨੀ ਬਣਾਉਂਦੇ ਹਨ ਕਿ ਦੇਖਭਾਲ ਕਰਨ ਵਾਲਿਆਂ ਕੋਲ ਡਿਮੈਂਸ਼ੀਆ ਨਾਲ ਪੀੜਤ ਵਿਅਕਤੀ ਦੀ ਸਹਾਇਤਾ ਕਰਨ ਲਈ ਲੋੜੀਂਦਾ ਰਣਨੀਤੀਆਂ ਅਤੇ ਹੁਨਰ ਹਨ, ਉਦਾਹਰਨ ਲਈ:



- ਸੰਚਾਰ ਹੁਨਰ ਅਤੇ ਤਕਨੀਕ
- ਵਿਹਾਰ ਵਿੱਚ ਤਬਦੀਲੀਆਂ ਨੂੰ ਰੋਕਣ ਜਾਂ ਪ੍ਰਬੰਧਨ ਵਿੱਚ ਸਹਾਇਤਾ
- ਵਿੱਤੀ ਲਾਭਾਂ ਨੂੰ ਸਮਝਣ ਅਤੇ ਉਨ੍ਹਾਂ ਲਈ ਅਰਜ਼ੀ ਦੇਣ ਬਾਰੇ ਸਲਾਹ
- ਭਾਵਨਾਤਮਕ ਅਤੇ ਮਨੋਵਿਗਿਆਨਕ ਸਹਾਇਤਾ
- ਭਵਿੱਖ ਲਈ ਯੋਜਨਾਬੰਦੀ
- ਸਹਾਇਤਾ ਸਮੂਹਾਂ ਅਤੇ ਰਾਹਤ ਦੇਖਭਾਲ ਵਰਗੀਆਂ ਹੋਰ ਸੇਵਾਵਾਂ ਲਈ ਨਿਯਤ ਕਰਨਾ
- ਦੇਖਭਾਲ ਅਤੇ ਸਹਾਇਤਾ ਦੀ ਚੋਣ ਕਰਨਾ ਅਤੇ ਦੇਖਭਾਲ ਘਰ ਵਿੱਚ ਜਾਣ ਦਾ ਪ੍ਰਬੰਧਨ ਕਰਨਾ

ਐਡਮਿਰਲ ਨਰਸਾਂ ਪਰਿਵਾਰਾਂ ਨੂੰ ਹੋਰ ਸਿਹਤ ਅਤੇ ਸਮਾਜਿਕ ਦੇਖਭਾਲ ਪੇਸ਼ੇਵਰਾਂ ਨਾਲ ਸਬੰਧ ਬਣਾਉਣ ਅਤੇ ਵੱਖ-ਵੱਖ ਸੇਵਾਵਾਂ ਜੋ ਡਿਮੈਂਸ਼ੀਆ ਵਾਲੇ ਵਿਅਕਤੀ ਦੀ ਸਹਾਇਤਾ ਵਿੱਚ ਸ਼ਾਮਲ ਹੋ ਸਕਦੀਆਂ ਹਨ ਦਾ ਤਾਲਮੇਲ ਕਰਨ ਵਿੱਚ ਮਦਦ ਕਰ ਸਕਦੀਆਂ ਹਨ।

ਇਸ ਤੋਂ ਇਲਾਵਾ, ਐਡਮਿਰਲ ਨਰਸਾਂ ਹੋਰ ਸਿਹਤ ਅਤੇ ਸਮਾਜਕ ਦੇਖਭਾਲ ਪੇਸ਼ੇਵਰਾਂ ਨੂੰ ਆਪਣੇ ਡਿਮੈਂਸ਼ੀਆ ਦੇ ਹੁਨਰ ਅਤੇ ਗਿਆਨ ਨੂੰ ਵਿਕਸਤ ਕਰਨ ਲਈ ਸਹਾਇਤਾ ਕਰਦੀਆਂ ਹਨ ਤਾਂਕਿ ਉਹ ਵੀ ਉਹਨਾਂ ਨਾਲ ਕੰਮ ਕਰਨ ਵਾਲੇ ਵਿਅਕਤੀਆਂ ਦੀ ਬਿਹਤਰ ਸਹਾਇਤਾ ਕਰ ਸਕਣ।

## ਐਡਮਿਰਲ ਨਰਸ ਨਾਲ ਕਿਵੇਂ ਸੰਪਰਕ ਕਰਨਾ ਹੈ

### 'ਡਿਮੈਂਸ਼ੀਆ: ਅੱਗੇ ਕੀ?' ਆਨਲਾਈਨ ਸੈਸ਼ਨ

ਜੇਕਰ ਤੁਸੀਂ ਡਿਮੇਨਸ਼ੀਆ ਵਾਲੇ ਕਿਸੇ ਵਿਅਕਤੀ ਦੀ ਦੇਖਭਾਲ ਕਰ ਰਹੇ ਹੋ ਜਾਂ ਖੁਦ ਇਸ ਨਾਲ ਪੀੜਤ ਹੋ, ਤਾਂ ਤੁਸੀਂ ਸਾਡੇ ਮੁਫਤ ਔਨਲਾਈਨ ਸੈਸ਼ਨਾਂ, 'ਡਿਮੈਂਸ਼ੀਆ: ਅੱਗੇ ਕੀ?' ਲਈ ਰਜਿਸਟਰ ਕਰ ਸਕਦੇ ਹੋ ਇਹਨਾਂ ਦੀ ਮੇਜ਼ਬਾਨੀ ਐਡਮਿਰਲ ਨਰਸਾਂ ਦੁਆਰਾ ਕੀਤੀ ਜਾਂਦੀ ਹੈ ਅਤੇ ਇਹਨਾਂ ਵਿੱਚ ਡਿਮੈਂਸ਼ੀਆ ਦੀਆਂ ਕਿਸਮਾਂ, ਲੱਛਣਾਂ, ਵਿੱਤੀ ਅਤੇ ਕਾਨੂੰਨੀ ਮੁੱਦਿਆਂ ਅਤੇ ਭਵਿੱਖ ਲਈ ਯੋਜਨਾਬੰਦੀ ਵਰਗੇ ਵਿਸ਼ੇ ਸ਼ਾਮਲ ਹੁੰਦੇ ਹਨ।
**dementiauk.org/dementia-what-next** 'ਤੇ ਸਾਈਨ ਅੱਪ ਕਰੋ

### ਡਿਮੈਂਸ਼ੀਆ ਯੂਕੇ ਹੈਲਪਲਾਈਨ

ਸਾਡੀ ਪੰਜੀਕ੍ਰਿਤ ਹੈਲਪਲਾਈਨ ਐਡਮਿਰਲ ਨਰਸਾਂ ਦੁਆਰਾ ਚਲਾਈ ਜਾਂਦੀ ਹੈ। ਇਹ ਉਚਿਤ ਹੈ ਜੇਕਰ:

- ਤੁਹਾਨੂੰ ਤੁਰੰਤ ਸਹਾਇਤਾ ਦੀ ਲੋੜ ਹੈ
- ਤੁਸੀਂ ਸ਼ਾਮ ਨੂੰ ਜਾਂ ਹਫਤੇ ਦੇ ਅੰਤ ਵਿੱਚ ਐਡਮਿਰਲ ਨਰਸ ਨਾਲ ਗੱਲ ਕਰਨਾ ਚਾਹੁੰਦੇ ਹੋ

ਸਾਰੀਆਂ ਕਾਲਾਂ ਮੁਫਤ ਅਤੇ ਗੁਪਤ ਹਨ।
ਕਾਲ ਕਰੋ: 0800 888 6678
ਈਮੇਲ: **helpline@dementiauk.org**

ਖੁੱਲ੍ਹਣ ਦਾ ਸਮਾਂ: ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9 ਵਜੇ ਤੋਂ ਰਾਤੀ 9 ਵਜੇ ਤਕ; ਅਤੇ ਸ਼ਨੀਵਾਰ, ਐਤਵਾਰ ਅਤੇ ਬੈਂਕ ਛੁੱਟੀਆਂ ਨੂੰ ਸਵੇਰੇ 9 ਵਜੇ ਤੋਂ ਸ਼ਾਮੀ 5 ਵਜੇ ਤਕ (25ਵੀਂ ਦਸੰਬਰ ਨੂੰ ਛੱਡ ਕੇ)।

ਸਾਡੀ ਹੈਲਪਲਾਈਨ ਵਿਅਸਤ ਹੋ ਸਕਦੀ ਹੈ, ਇਸ ਲਈ ਜੇਕਰ ਤੁਸੀਂ ਇਸ ਰਾਹੀਂ ਸੰਪਰਕ ਨਹੀਂ ਕਰ ਪਾਉਂਦੇ, ਤਾਂ ਕਿਰਪਾ ਕਰਕੇ ਇੱਕ ਵੌਇਸਮੇਲ ਸੁਨੇਹਾ ਛੱਡੋ ਅਤੇ ਇੱਕ ਐਡਮਿਰਲ ਨਰਸ ਜਲਦੀ ਤੋਂ ਜਲਦੀ ਤੁਹਾਨੂੰ ਵਾਪਸ ਕਾੱਲ ਕਰੇਗੀ।

### ਵਰਚੁਅਲ ਕਲੀਨਿਕ ਮੁਲਾਕਾਤਾਂ

ਸਾਡੀ ਵਰਚੁਅਲ ਕਲੀਨਿਕ ਫ਼ੋਨ ਜਾਂ ਮਾਈਕਰੋਸਾਫਟ ਟੀਮਜ਼ ਜਾਂ ਜ਼ੂਮ 'ਤੇ ਵੀਡੀਓ ਕਾਲ ਦੁਆਰਾ ਐਡਮਿਰਲ ਨਰਸ ਨਾਲ ਪ੍ਰੀ-ਬੁਕ ਮੁਲਾਕਾਤਾਂ ਦੀ ਪੇਸ਼ਕਸ਼ ਕਰਦਿਆਂ ਹਨ। ਵਰਚੁਅਲ ਕਲੀਨਿਕ ਮੁਲਾਕਾਤਾਂ 45 ਮਿੰਟ ਤਕ ਚਲਦੀਆਂ ਹਨ ਅਤੇ ਆਦਰਸ਼ ਹਨ ਜੇਕਰ:

- ਤੁਹਾਡਾ ਕੋਈ ਬਹੁਤ ਜਰੂਰੀ ਸਵਾਲ ਹੈ

- ਤੁਸੀਂ ਆਪਣੀ ਸੁਵਿਧਾਨੁਸਾਰ ਸਮੇਂ 'ਤੇ ਕਾਲ ਕਰਨਾ ਚਾਹੁੰਦੇ ਹੋ, ਉਦਾਹਰਨ ਲਈ ਜਦੋਂ ਕੋਈ ਹੋਰ ਡਿਮੈਂਸ਼ੀਆ ਵਾਲੇ ਨਾਲ ਬੈਠ ਸਕਦਾ ਹੋਵੇ
- ਪਰਿਵਾਰਕ ਮੈਂਬਰ ਜਾਂ ਹੋਰ ਲੋਕ ਜੋ ਵਿਅਕਤੀ ਦੀ ਦੇਖਭਾਲ ਕਰਦੇ ਹਨ ਮੁਲਾਕਾਤ ਵਿੱਚ ਸ਼ਾਮਲ ਹੋਣਾ ਚਾਹੁੰਦੇ ਹੋਣ, ਭਾਵੇਂ ਉਹ ਭੂਗੋਲਿਕ ਤੌਰ 'ਤੇ ਇੱਕ ਦੂਜੇ ਦੇ ਨੇੜੇ ਨਾ ਹੋਣ।

**dementiauk.org/book**'ਤੇ ਬੁੱਕ ਕਰੋ

## ਸਲਾਹਕਾਰ ਐਡਮਿਰਲ ਨਰਸਾਂ

ਸਲਾਹਕਾਰ ਐਡਮਿਰਲ ਨਰਸਾਂ ਨੂੰ ਡਿਮੈਂਸ਼ੀਆ ਦੇ ਕੁਝ ਪਹਿਲੂਆਂ ਵਿੱਚ ਵਿਸ਼ੇਸ਼ ਮੁਹਾਰਤ ਹੁੰਦੀ ਹੈ। ਉਹ ਡਿਮੈਂਸ਼ੀਆ ਵਾਲੇ ਵਿਅਕਤੀ ਅਤੇ ਉਹਨਾਂ ਦੇ ਦੇਖਭਾਲ ਕਰਨ ਵਾਲਿਆਂ ਨੂੰ ਉਨ੍ਹਾਂ ਦੀਆਂ ਪੇਚੀਦਾ ਲੋੜਾਂ ਲਈ ਮਾਹਰ ਸਲਾਹ, ਸਹਾਇਤਾ ਅਤੇ ਸਿੱਖਿਆ ਪ੍ਰਦਾਨ ਕਰਦੇ ਹਨ।

ਡਿਮੈਂਸ਼ੀਆ ਯੂਕੇ ਕੋਲ ਹੇਠ ਦਿੱਤੀਆਂ ਲਈ ਸਲਾਹਕਾਰ ਐਡਮਿਰਲ ਨਰਸਾਂ ਹਨ:

- ਬੱਚੇ ਅਤੇ ਨੌਜਵਾਨ
- ਕਮਜ਼ੋਰ
- ਲੂਈ ਬਾਡੀ ਡਿਮੈਂਸ਼ੀਆ (ਲੂਈ ਬਾਡੀ ਸੋਸਾਇਟੀ ਦੇ ਸਹਿਯੋਗ ਨਾਲ)
- LGBTQ+ ਸਮੁਦਾਏ
- ਖੇਡ ਅਤੇ ਡਿਮੈਂਸ਼ੀਆ
- ਜਵਾਨੀ ਵਿੱਚ ਸ਼ੁਰੂ ਹੋਇਆ ਡਿਮੈਂਸ਼ੀਆ

ਉਹ ਹੋਰ ਐਡਮਿਰਲ ਨਰਸਾਂ ਅਤੇ ਸਿਹਤ ਅਤੇ ਸਮਾਜਿਕ ਪੇਸ਼ੇਵਰਾਂ ਨੂੰ ਵਿਸ਼ੇਸ਼ ਸਲਾਹ ਅਤੇ ਸਿੱਖਿਆ ਪ੍ਰਦਾਨ ਕਰਦੇ ਹਨ। ਉਹ ਆਪਣੀ ਵਿਸ਼ੇਸ਼ਤਾ ਦੇ ਖੇਤਰ ਵਿਚ ਆਗੂ ਹਨ ਅਤੇ ਡਿਮੈਂਸ਼ੀਆ ਦੇਖਭਾਲ ਦੀ ਜਾਣਕਾਰੀ ਅਤੇ ਇਸ ਨੂੰ ਵਿਕਸਿਤ ਕਰਨ ਲਈ ਅਨੁਸੰਧਾਨ ਕਰਦੇ ਹਨ।

ਜੇਕਰ ਤੁਸੀਂ ਕਿਸੇ ਸਲਾਹਕਾਰ ਐਡਮਿਰਲ ਨਰਸ ਦਾ ਸਮਰਥਨ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਹੋਰ ਜਾਣਕਾਰੀ ਲਈ ਅਤੇ ਇਹ ਪਤਾ ਕਰਨ ਲਈ ਕਿ ਕੀ ਤੁਸੀਂ ਰੈਫਰਲ ਮਾਪਦੰਡਾਂ ਨੂੰ ਪੂਰਾ ਕਰਦੇ ਹੋ, ਸਾਡੀ ਹੈਲਪਲਾਈਨ ਨਾਲ ਸੰਪਰਕ ਕਰੋ।

## ਤੁਹਾਡੇ ਇਲਾਕੇ ਵਿੱਚ

ਕਮਿਊਨਿਟੀ ਐਡਮਿਰਲ ਨਰਸ ਸੇਵਾਵਾਂ ਡਿਮੈਂਸ਼ੀਆ ਨਾਲ ਸਬੰਧਤ ਪੇਚੀਦਾ ਲੋੜਾਂ ਵਾਲੇ ਪਰਿਵਾਰਾਂ ਦੀ ਸਹਾਇਤਾ ਕਰਦੀਆਂ ਹਨ। ਮੁਲਾਕਾਤ ਤੁਹਾਡੇ ਆਪਣੇ ਘਰ ਵਿੱਚ ਜਾਂ ਜੀਪੀ ਸਰਜਰੀ ਵਰਗੀ ਸੈਟਿੰਗ ਵਿੱਚ ਹੋ ਸਕਦੀਆਂ ਹਨ।

ਤੁਹਾਡਾ ਜੀਪੀ ਜਾਂ ਸੋਸ਼ਲ ਵਰਕਰ ਤੁਹਾਨੂੰ ਦੱਸ ਸਕਦਾ ਹੈ ਕਿ ਕੀ ਤੁਹਾਡੇ ਖੇਤਰ ਵਿੱਚ ਕੋਈ ਐਡਮਿਰਲ ਨਰਸ ਸੇਵਾ ਹੈ ਅਤੇ ਚਰਚਾ ਕਰ ਸਕਦਾ ਹੈ ਕਿ ਕੀ ਤੁਸੀਂ ਜਾਂ ਤੁਹਾਡਾ ਪਰਿਵਾਰ ਰੈਫਰਲ ਮਾਪਦੰਡਾਂ ਨੂੰ ਪੂਰਾ ਕਰਦੇ ਹੈ। ਤੁਸੀਂ ਇਹ ਪਤਾ ਕਰਨ ਲਈ ਹੈਲਪਲਾਈਨ ਨਾਲ ਵੀ ਸੰਪਰਕ ਕਰ ਸਕਦੇ ਹੋ ਕਿ ਕੀ ਤੁਹਾਡੇ ਲਈ ਕੋਈ ਸਥਾਨਕ ਐਡਮਿਰਲ ਨਰਸ ਸੇਵਾ ਹੈ।

## ਹਸਪਤਾਲ ਵਿੱਚ

ਕਿਰਪਾ ਕਰਕੇ ਵਾਰਡ ਦੀ ਇੰਚਾਰਜ ਨਰਸ ਨੂੰ ਪੁੱਛੋ ਕਿ ਜੇਕਰ ਹਸਪਤਾਲ ਦੇ ਅੰਦਰ ਕੋਈ ਐਡਮਿਰਲ ਨਰਸ ਸੇਵਾ ਉਪਲਬੱਧ ਹੈ, ਜਾਂ ਜਾਣਕਾਰੀ ਲਈ ਹੈਲਪਲਾਈਨ 'ਤੇ ਫ਼ੋਨ ਕਰੋ।

## ਦੇਖਭਾਲ ਘਰ ਜਾਂ ਹੌਸਪਿਸ ਵਿੱਚ

ਦੇਖਭਾਲ ਘਰ/ਹੌਸਪਿਸ ਮੈਨੇਜਰ ਤੁਹਾਨੂੰ ਦੱਸ ਸਕੇਗਾ ਕਿ ਜੇਕਰ ਘਰ ਜਾਂ ਹੌਸਪਿਸ ਨਾਲ ਕੋਈ ਐਡਮਿਰਲ ਨਰਸ ਜੁੜੀ ਹੋਈ ਹੈ।

## ਐਡਮਿਰਲ ਨਰਸਾਂ ਹੀ ਕਿਉਂ?

ਸਾਡੀਆਂ ਨਰਸਾਂ ਦਾ ਨਾਮ ਜੋਸੇਫ ਲੇਵੀ CBE BEM ਦੇ ਪਰਿਵਾਰ ਦੁਆਰਾ ਰੱਖਿਆ ਗਿਆ ਸੀ, ਜਿਸਨੇ ਉਨਹਾਂ ਦੇ ਸਨਮਾਨ ਵਿੱਚ ਡਿਮੈਂਸ਼ੀਆ ਯੂਕੇ ਦੀ ਸਥਾਪਨਾ ਕੀਤੀ ਸੀ। ਜੋਸੇਫ ਨੂੰ ਵੈਸਕੂਲਰ ਡਿਮੈਂਸ਼ੀਆ ਸੀ ਅਤੇ ਆਪਣੇ ਸਮੁੰਦਰੀ ਸਫ਼ਰ ਦੇ ਪਿਆਰ ਦੇ ਕਾਰਨ ਐਡਮਿਰਲ ਜੋਅ ਵਜੋਂ ਜਾਣਿਆ ਜਾਂਦਾ ਸੀ।



# ਸਹਾਇਤਾ ਦੇ ਸਰੋਤ

ਜੇਕਰ ਤੁਸੀਂ ਡਿਮੈਂਸ਼ੀਆ ਵਾਲੇ ਕਿਸੇ ਵਿਅਕਤੀ ਦੀ ਦੇਖਭਾਲ ਕਰ ਰਹੇ ਹੋ ਜਾਂ ਖੁਦ ਇਸ ਨਾਲ ਪੀੜਤ ਹੋ, ਤਾਂ ਤੁਸੀਂ ਸਾਡੇ ਮੁਫਤ ਔਨਲਾਈਨ ਸੈਸ਼ਨਾਂ ਲਈ, 'ਡਿਮੈਂਸ਼ੀਆ: ਅੱਗੇ ਕੀ?' **dementiauk.org/dementia-what-next** 'ਤੇ ਰਜਿਸਟਰ ਕਰ ਸਕਦੇ ਹੋ

ਸਾਡੀ ਮੁਫਤ ਹੈਲਪਲਾਈਨ 'ਤੇ ਐਡਮਿਰਲ ਨਰਸ ਨਾਲ ਗੱਲ ਕਰਨ ਲਈ, **0800 888 6678** (ਸੋਮਵਾਰ-ਸ਼ੁੱਕਰਵਾਰ ਸਵੇਰੇ 9 ਵਜੇ ਤੋਂ ਰਾਤੀ 9 ਵਜੇ ਤਕ, ਸ਼ਨੀਵਾਰ ਅਤੇ ਐਤਵਾਰ ਸਵੇਰੇ 9 ਵਜੇ ਤੋਂ ਸ਼ਾਮੀ 5 ਵਜੇ ਤਕ, ਹਰ ਰੋਜ਼, 25 ਦਿਸੰਬਰ ਨੂੰ ਛੱਡ ਕੇ) ਕਾਲ ਕਰੋ ਜਾਂ ਈਮੇਲ **helpline@dementiauk.org**ਕਰੋ

ਜੇਕਰ ਤੁਸੀਂ ਤਰਜੀਹ ਦਿੰਦੇ ਹੋ, ਤਾਂ ਆਪਣੀ ਸੁਵਿਦਾਨੁਸਾਰ ਸਮੇਂ 'ਤੇ ਐਡਮਿਰਲ ਨਰਸ ਨਾਲ ਫ਼ੋਨ ਜਾਂ ਵੀਡੀਓ ਕਾਲ ਬੁੱਕ ਕਰ ਸਕਦੇ ਹੋ: ਕਿਰਪਾ ਕਰਕੇ **dementiauk.org/book** 'ਤੇ ਜਾਓ

## ਡਿਮੈਂਸ਼ੀਆ ਯੂਕੇ ਸਰੋਤ

### ਜਾਣਕਾਰੀ ਅਤੇ ਸਹਾਇਤਾ ਸਰੋਤ

dementiauk.org/information-and-support

### ਔਨਲਾਈਨ ਪੜ੍ਹਨ, ਡਾਊਨਲੋਡ ਕਰਨ ਜਾਂ ਆਰਡਰ ਕਰਨ ਲਈ ਸਲਾਹ ਲੀਫਲੇਟ੍ਸ

dementiauk.org/our-leaflets

### ਡਿਮੈਂਸ਼ੀਆ ਬਾਰੇ

dementiauk.org/about-dementia

### ਇੱਕ ਦੇਖਭਾਲ ਕਰਨ ਵਾਲੇ ਦੇ ਤੌਰ 'ਤੇ ਆਪਣੀ ਦੇਖਭਾਲ ਕਰਨਾ

dementiauk.org/looking-after-yourself-as-a-carer

### ਨਿਦਾਨ ਦੇ ਆਲੇ-ਦੁਆਲੇ ਸਹਾਇਤਾ

dementiauk.org/specialist-diagnosis-and-support

## ਡਿਮੈਂਸ਼ੀਆ ਮਾਹਿਰ ਐਡਮਿਰਲ ਨਰਸ ਨਾਲ ਡਿਮੈਂਸ਼ੀਆ ਦੇ ਕਿਸੇ ਵੀ ਪਹਿਲੂ ਬਾਰੇ ਗੱਲ ਕਰਨ ਲਈ:

ਸਾਡੀ ਹੈਲਪਲਾਈਨ 'ਤੇ ਸੰਪਰਕ ਕਰੋ:

**0800 888 6678** ਜਾਂ **helpline@dementiauk.org**

ਇੱਕ ਵਰਚੁਅਲ ਮੁਲਾਕਾਤ ਬੁੱਕ ਕਰੋ:

**dementiauk.org/book**

## ਸਾਡੀ ਚੈਰਿਟੀ ਸਾਡੇ ਜੀਵਨ-ਬਦਲਣ ਵਾਲੇ ਕੰਮ ਨੂੰ ਫੰਡ ਕਰਨ ਲਈ ਪੂਰੀ ਤਰ੍ਹਾਂ ਦਾਨ 'ਤੇ ਨਿਰਭਰ ਹੈ। ਜੇਕਰ ਤੁਸੀਂ ਹੋਰ ਪਰਿਵਾਰਾਂ ਦੀ ਸਹਾਇਤਾ ਲਈ ਸਾਡੀ ਮਦਦ ਕਰਨ ਲਈ ਦਾਨ ਕਰਨਾ ਚਾਹੁੰਦੇ ਹੋ ਤਾਂ:

- **0300 365 5500** ' ਤੇ ਕਾਲ ਕਰੋ
- **dementiauk.org/donate** 'ਤੇ ਜਾਓ
- **QR** ਕੋਡ ਨੂੰ ਸਕੈਨ ਕਰੋ

**ਤੁਹਾਡਾ ਧੰਨਵਾਦ।**

**DementiaUK**

Helping families face dementia

**dementiauk.org** • **info@dementiauk.org**

ਪ੍ਰਕਾਸ਼ਨ ਦੀ ਮਿਤੀ: ਸਤੰਬਰ 2024. ਸਮੀਖਿਆ ਦੀ ਮਿਤੀ: ਸਤੰਬਰ 2027. © Dementia UK 2024

ਡਿਮੈਂਸ਼ੀਆ ਯੂਕੇ, 7ਵੀਂ ਮੰਜ਼ਿਲ, ਵਨ ਐਲਡਗੇਟ, ਲੰਡਨ EC3N 1RE

ਡਿਮੈਂਸ਼ੀਆ ਯੂਕੇ ਇੰਗਲੈਂਡ ਅਤੇ ਵੇਲਜ਼ (1039404) ਅਤੇ ਸਕਾਟਲੈਂਡ (SC 047429) ਵਿੱਚ ਇੱਕ ਰਜਿਸਟਰਡ ਚੈਰਿਟੀ ਹੈ।

DUKC05 Admiral Nurse, Punjabi